
A Multidisciplinary Indexed International Research Journal
ISSN : 2320-3714
Volume : XIV
Journal : 63012
Impact Factor : 0.75 to 3.19
airo
ADHYAYAN INTERNATIONAL RESEARCH ORGANISATION

Airo International Research Journal
Volume XIV, ISSN: 2320-3714
April, 2018
Impact Factor 0.75 to 3.19
ज्ञान-विज्ञान विमुक्तये
UGC Approval Number 63012

***Declaration of Author***

I hereby declare that the content of this research paper has been truly made by me including the title of the research paper/research article, and no serial sequence of any sentence has been copied through internet or any other source except references or some unavoidable essential or technical terms. In case of finding any patent or copy right content of any source or other author in my paper/article, I shall always be responsible for further clarification or any legal issues. For sole right content of different author or different source, which was unintentionally or intentionally used in this research paper shall immediately be removed from this journal and I shall be accountable for any further legal issues, and there will be no responsibility of Journal in any matter. If anyone has some issue related to the content of this research paper's copied or plagiarism content he/she may contact on my above mentioned email ID.

Airo International Research Journal
Volume XIV, ISSN: 2320-3714
April, 2018
Impact Factor 0.75 to 3.19
UGC Approval Number 63012

# ਪੰਜਾਬੀ ਨਾਟ-ਚਿੰਤਨ: ਮੁਲਾਂਕਣਦ੍ਰਿਸ਼ਟੀ

ਡਾ.ਰੁਪਿੰਦਰ ਸਿੰਘ

ਨਾਟਕ ਹੋਰਨਾਂ ਸਾਹਿਤਕ ਵਿਧਾਵਾਂ ਦੇ ਮੁਕਾਬਲਤਨ ਆਪਣੀ ਦੋਹਰੀ (ਲਿਖਤ ਅਤੇ ਪ੍ਰਦਰਸ਼ਨ) ਪ੍ਰਕਿਰਤੀ ਕਰਕੇ ਵੱਖਰਤਾ ਰੱਖਦਾ ਹੈ । ਸਾਹਿਤ ਦੀ ਜਿਸ ਵਿਧਾ ਵਿਚ ਸਿਰਜਣਾ ਹੀ ਦੇਰ ਨਾਲ ਆਰੰਭ ਹੋਵੇ ਤਾਂ ਉਸ ਵਿਧਾ ਸਬੰਧੀ ਖੋਜ ਦੀ ਗਤੀ ਵੀ ਜ਼ਰੂਰ ਪ੍ਰਭਾਵਿਤ ਹੋਵੇਗੀ। ਪੰਜਾਬ ਲੰਮਾ ਸਮਾਂ ਅਸ਼ਾਂਤੀ ਦੇ ਦੌਰ ਵਿਚੋਂ ਗੁਜ਼ਰਦਾ ਰਿਹਾ ਹੈ। ਇਸ ਉੱਥਲ-ਪੁੱਥਲ ਅਤੇ ਰਾਜਨੀਤਕ ਅਸਥਿਰਤਾ ਨੇ ਪੰਜਾਬ ਦੇ ਮਾਹੌਲ ਨੂੰ ਜੰਗਾਂ-ਯੁੱਧਾਂ ਦਾ ਅਖਾੜਾ ਬਣਾ ਕੇ ਰੱਖਿਆ । ਨਾਟਕ ਵਿਧਾ ਇਸ ਪ੍ਰਦਰਸ਼ਨ ਰੂਪ ਲਈ ਸਮਾਜਿਕ ਤੌਰ 'ਤੇ ਢੁੱਕਵਾਂ ਸ਼ਾਂਤੀ ਦਾ ਮਾਹੌਲ ਨਸੀਬ ਨਹੀਂ ਹੋ ਸਕਿਆ । ਇਸ ਕਰਕੇ ਪੰਜਾਬੀ ਸਾਹਿਤ ਵਿਚ ਨਾਟਕ ਵਿਧਾ ਦਾ ਦੇਰੀ ਨਾਲ ਆਗਮਨ ਹੁੰਦਾ ਹੈ। ਪੰਜਾਬੀ ਖੋਜ ਵਿਚ ਵੀ ਕੁਝ ਅਜਿਹਾ ਹੀ ਦ੍ਰਿਸ਼ ਸਾਹਮਣੇ ਆਉਂਦਾ ਹੈ, ਜਿਸ ਵਿਚ ਕਵਿਤਾ, ਨਾਵਲ ਤੇ ਕਹਾਣੀ ਰੂਪਾਕਾਰ ਨਾਟਕ ਦੇ ਮੁਕਾਬਲਤਨ ਖੋਜਾਰਥੀਆਂ ਦੀ ਪ੍ਰਥਮ ਰੁਚੀ ਬਣਦੇ ਹਨ। ਇਸ ਸਥਿਤੀ ਸਬੰਧੀ ਵਧੇਰੇ ਸਪਸ਼ਟਤਾ ਲਈ ਡਾ. ਹਰਿਭਜਨ ਸਿੰਘ ਭਾਟੀਆ ਦੇ ਵਿਚਾਰ ਇਸ ਪ੍ਰਕਾਰ ਹਨ:

> ਇਹ ਪੁਸ਼ਟੀਯੋਗ ਤੱਥ ਹੈ ਕਿ ਪੰਜਾਬੀ ਨਾਟ-ਸਿਰਜਣਾ ਦੀ ਗਤੀ , ਪੰਜਾਬੀ ਗਲਪ ਦੀ ਸਿਰਜਣਾ ਦੇ ਟਾਕਰੇ ਵਿਚ ਕਾਫ਼ੀ ਘੱਟ ਹੋਣ ਦੇ ਬਾਵਜੂਦ ਪੰਜਾਬੀ ਨਾਟਕ ਨਾਟ-ਚਿੰਤਕਾਂ ਦੁਆਰਾ ਬਹੁਤ ਘੱਟ ਗੌਲਿਆ ਗਿਆ ਹੈ । ਜਿਸ ਕਦਰ , ਕਾਲ ਦੇ ਵੱਖ ਵੱਖ ਬਿੰਦੂਆਂ ਉੱਪਰ , ਪੰਜਾਬੀ ਚਿੰਤਕਾਂ ਦੁਆਰਾ ਮੱਧਕਾਲੀਨ ਅਤੇ ਆਧੁਨਿਕ ਸਾਹਿਤ ਨੂੰ ਵੱਖ-ਵੱਖ ਪੱਖਾਂ , ਕੋਣਾਂ ਅਤੇ ਪਹੁੰਚ-ਵਿਧੀਆਂ ਦੀ ਸਹਾਇਤਾ ਨਾਲ ਘੋਖਿਆ-ਫਰੋਲਿਆ ਗਿਆ ਹੈ ਠੀਕ ਉਹੋ ਜੇਹੀ ਤਵੱਜੋ ਪੰਜਾਬੀ ਨਾਟਕ ਦੇ ਅਧਿਐਨ ਨੂੰ ਪ੍ਰਾਪਤ ਨਹੀਂ ਹੋਈ।[1]

ਪੰਜਾਬੀ ਨਾਟਕ ਦੇ ਸ੍ਰੋਤਾਂ, ਨਿਕਾਸ ਤੇ ਵਿਕਾਸ ਦੇ ਪੜਾਵਾਂ ਸਬੰਧੀ ਸਾਹਿਤ-ਚਿਤੰਨ ਵਿਚ ਵੱਖ-ਵੱਖ ਮਤ ਪ੍ਰਚਲਿਤ ਰਹਿਣਾ ਵੀ ਕਿਤੇ ਨਾ ਕਿਤੇ ਨਾਟ-ਚਿੰਤਨ ਵੱਲ ਵਿਦਵਾਨਾਂ ਦੀ ਦੂਰੀ ਨੂੰ ਵਧਾਉਣ ਦਾ ਇਕ ਕਾਰਨ ਹੋ ਸਕਦਾ ਹੈ । ਨਾਟਕ ਵਿਧਾ ਦੀ ਇਤਿਹਾਸਕਾਰੀ ਅਤੇ ਗੰਭੀਰ ਨਾਟ-ਸਮੀਖਿਆ ਦੀ ਅਣਹੋਂਦ ਕਾਰਨ ਪੰਜਾਬੀ ਨਾਟਕਕਾਰਾਂ ਨੇ ਨਿਰਦੇਸ਼ਨ ਦਾ ਕਾਰਜ ਸੰਭਾਲਿਆ , ਨਾਟ-ਰਚਨਾਵਾਂ ਦੀ ਹਲਕੀ , ਸਤਹ ਪੱਧਰੀ ਸਮੀਖਿਆ ਕੀਤੀ। ਇਹ ਕਹਿਣਾ ਵਾਜਿਬ ਹੋਵੇਗਾ ਕਿ ਪੰਜਾਬੀ ਨਾਟਕ ਦੀ ਸਿਰਜਣਾ ਅਤੇ

ਸਮੀਖਿਆ ਦੋਵੇਂ ਸਮਾਨੰਤਰ ਚਲਦੀਆਂ ਰਹੀਆਂ ਹਨ । ਇਸ ਸਬੰਧੀ ਡਾ. ਸਤੀਸ਼ ਕੁਮਾਰ ਵਰਮਾ ਨੇ ਨਾਟ-ਆਲੋਚਨਾ ਦੀਆਂ ਅਜਿਹੀਆਂ ਸੀਮਾਵਾਂ ਵੱਲ ਸੰਕੇਤ ਕਰਦਿਆਂ ਸਮੁੱਚੀ ਸਥਿਤੀ ਨੂੰ ਸਪਸ਼ਟ ਕੀਤਾ ਹੈ। ਡਾ. ਸਤੀਸ਼ ਕੁਮਾਰ ਵਰਮਾ ਅਨੁਸਾਰ:

> ਅਗਲੀ ਗੱਲ ਇਹ ਹੈ ਕਿ ਪੰਜਾਬੀ ਨਾਟਕ ਦੀ ਰਚਨਾ ਅਤੇ ਆਲੋਚਨਾ ਨਾਲੋ ਨਾਲ ਚਲਦੇ ਹਨ । ਇਹ ਗੱਲ ਵੱਖਰੀ ਹੈ ਕਿ ਨਾਟ-ਰਚਨਾ ਇਕ ਗਤੀਸ਼ੀਲ ਵਰਤਾਰਾ ਬਣਦੀ ਪੰਜਾਬੀ ਨਾਟ-ਪਰੰਪਰਾ ਵਿਚ ਢਲਦੀ ਜਾਂਦੀ ਹੈ । ਜਦ ਕਿ ਇਸ ਦੇ ਉਲਟ ਪੰਜਾਬੀ ਨਾਟ-ਆਲੋਚਨਾ ਪੰਜਾਬੀ ਨਾਟਕਕਾਰੀ ਦੇ ਸਮਵਿੱਥ ਵਿਕਾਸ ਕਰਨ ਦੀ ਥਾਂ ਪੰਜਾਬੀ ਨਾਟਕ ਦੇ ਪਛਾਣ-ਚਿੰਨ੍ਹਾਂ ਦੀ ਤਲਾਸ਼, ਨਾਟਕ ਦੀ ਵਿਧਾ ਦੀ ਸਮਝ, ਨਾਟਕ ਦੀ ਸਮੀਖਿਆ ਦੀਆ ਵਿਧੀਆਂ ਨੂੰ ਜਾਣਨ, ਪੰਜਾਬੀ ਨਾਟਕ ਦੀ ਵਿਕਾਸ-ਪ੍ਰਕਿਰਿਆ ਨੂੰ ਸਮਝਣ ਦੇ ਲੇਖੇ ਲੱਗੀ ਰਹਿੰਦੀ ਹੈ । ਹੋਰ ਸਪਸ਼ਟ ਰੂਪ ਵਿਚ ਕਹਿਣਾ ਹੋਵੇ ਤਾਂ ਪੰਜਾਬੀ ਨਾਟਕ ਦੀ ਆਲੋਚਨਾ ਪੰਜਾਬੀ ਨਾਟਕ ਦੀ ਅੱਗਲੱਗ ਨਹੀਂ ਬਣਦੀ ਸਗੋਂ ਪਿਛਲੱਗ ਬਣ ਕੇ ਤੁਰਦੀ ਹੈ। ਉਹ ਨਾਟਕ ਲਈ ਨਵੇਂ ਪ੍ਰਤੀਮਾਨ ਸਿਰਜਣ ਦੀ ਤਾਕਤ ਗ੍ਰਹਿਣ ਨਹੀਂ ਕਰਦੀ ਸਗੋਂ ਨਾਟਕ ਦੀ ਸਿਰਜਣਾ ਦੇ ਮੁਲਾਂਕਣ ਲਈ ਸਮੀਖਿਆ ਪ੍ਰਤੀਮਾਨਾਂ ਦੀ ਤਲਾਸ਼ ਵਿਚ ਗ਼ਲਤਾਨ ਰਹਿੰਦੀ ਹੈ।[2]

ਪੰਜਾਬੀ ਨਾਟਕ ਸਬੰਧੀ ਅਕਾਦਮਿਕ ਪੱਧਰ 'ਤੇ ਖੋਜ ਆਰੰਭ ਹੋਣ ਤੋਂ ਪਹਿਲਾਂ ਕੁਝ ਨਾਟਕ ਵਿਧਾ ਦੀ ਸਿਧਾਂਤਕ ਸਮੀਖਿਆ ਦੇ ਕੁਝ ਯਤਨ ਜੁਟਾਏ ਪ੍ਰਾਪਤ ਹੁੰਦੇ ਹਨ। ਪਰ ਨਾਟ-ਸਮੀਖਿਆ ਦੇ ਇਹ ਯਤਨ ਨਾਟਕ ਵਿਧਾ ਦੀ ਸਤਹ ਪੱਧਰੀ ਜਾਣਕਾਰੀ ਤੱਕ ਹੀ ਮਹਿਦੂਦ ਰਹਿੰਦੇ ਹਨ। ਆਮ ਤੌਰ 'ਤੇ ਪੰਜਾਬੀ ਨਾਟ-ਸਮੀਖਿਆ/ਨਾਟ-ਚਿੰਤਨ ਵਿਚ ਆਰੰਭਲਾ ਯਤਨ 'ਪ੍ਰੋ. ਪਿਆਰਾ ਸਿੰਘ ਗਿੱਲ' ਅਤੇ 'ਐਲ. ਐਸ. ਕਿਹਰ ਸਿੰਘ ਅਜੀਤ' ਦੁਆਰਾ ਸਾਲ 1933 ਵਿਚ ਰਚਿਤ ਨਾਟ-ਪੁਸਤਕ 'ਨਾਟਕ ਰਤਨਕਾਰ' ਤੋਂ ਮੰਨਿਆ ਜਾਂਦਾ ਹੈ ਪਰ ਨਾਟ-ਸਮੀਖਿਅਕ ਤੇ ਆਲੋਚਕ ਡਾ. ਹਰਿਭਜਨ ਸਿੰਘ ਭਾਟੀਆ ਨੇ ਇਸ ਤੋਂ ਪੂਰਵ ਸਾਲ 1928 ਵਿਚ ਪ੍ਰਕਾਸ਼ਿਤ 'ਡਾ. ਮੋਹਨ ਸਿੰਘ ਦੀਵਾਨਾ' ਦੁਆਰਾ ਪੰਜਾਬੀ ਦੇ ਪਹਿਲੇ ਇਕਾਂਗੀ ਸੰਗ੍ਰਹਿ 'ਪੰਖੜੀਆਂ' ਤੋਂ ਨਾਟ-ਸਮੀਖਿਆ/ਨਾਟ-ਚਿੰਤਨ ਦਾ ਆਰੰਭ ਮੰਨਿਆ ਹੈ ।[3] ਇੱਥੇ ਸਾਡਾ ਮਕਸਦ ਨਾਟ-ਸਮੀਖਿਆ ਜਾਂ ਨਾਟ-ਇਤਿਹਾਸ ਦੇ ਹਰੇਕ ਯਤਨ ਦੀ ਨਿਸ਼ਾਨਦੇਹੀ ਕਰਨਾ ਨਹੀਂ ਬਲਕਿ ਪੂਰਵਲੀ ਨਾਟ-ਸਮੀਖਿਆ ਦੇ ਮੁੱਢਲੇ ਯਤਨਾਂ ਅਤੇ ਸੀਮਾਵਾਂ ਤੋਂ ਜਾਣੂੰ ਕਰਾਉਣਾ ਹੈ । ਪੰਜਾਬੀ

ਨਾਟਕ ਕਿਉਂਕਿ ਸਾਹਿਤ-ਚਿੰਤਨ ਦੀ ਪਹਿਲੀ ਪਸੰਦ ਨਹੀਂ ਬਣ ਪਾਇਆ, ਇਸ ਕਾਰਨ ਪੰਜਾਬੀ ਨਾਟਕਕਾਰ ਤੇ ਨਿਰਦੇਸ਼ਕ ਹੀ ਨਾਟ-ਸਮੀਖਿਆ ਵਿਚ ਵਧੇਰੇ ਸਮਾਂ ਕਾਰਜਸ਼ੀਲ ਰਹਿੰਦੇ ਹਨ । ਪੰਜਾਬੀ ਨਾਟਕ ਸਬੰਧੀ ਮੁੱਢਲੇ ਯਤਨਾਂ ਤੋਂ ਹੀ ਰੰਗਮੰਚੀ ਚਿੰਤਨ ਨਾਲ ਜੁੜੇ 'ਵਿਸ਼ੇਸ਼ਗ' ਪੰਜਾਬੀ ਨਾਟ-ਚਿੰਤਨ ਵਿਚ ਗਿਣੇ ਨਹੀਂ ਗਏ।

ਮੈਟਾ ਅਧਿਐਨ ਦੀ ਥਾਂ ਪੰਜਾਬੀ ਨਾਟ-ਸਮੀਖਿਆ ਨਾਟਕ ਵਿਧਾ ਦੀ ਸਰੂਪਗਤ ਜਾਣਕਾਰੀ ਹੀ ਮਹੁੱਈਆ ਕਰਦੀ ਰਹੀ ਹੈ । ਗੰਭੀਰ ਚਿੰਤਨ ਦੀ ਅਣਹੋਂਦ ਵਿਚ ਹੀ ਨਿਰਦੇਸ਼ਕਾਂ/ਨਾਟਕਕਾਰਾਂ ਰਾਹੀਂ ਨਾਟ-ਸਮੀਖਿਆ ਧੀਮੀ ਚਾਲ ਚਲਦੀ ਰਹਿੰਦੀ ਹੈ । ਅਕਾਦਮਿਕ ਪੱਧਰ 'ਤੇ ਪੰਜਾਬੀ ਨਾਟਕ ਸਬੰਧੀ ਪੀ-ਐਚ.ਡੀ. ਡਿਗਰੀਆਂ ਵੀ ਪ੍ਰਕਾਸ਼ਿਤ ਰੂਪ ਵਿੱਚ ਸਾਹਮਣੇ ਆਈਆਂ ਪਰ ਭਰਵੀਂ ਨਾਟ-ਆਲੋਚਨਾ ਦੀ ਪਰੰਪਰਾ ਸਾਹਮਣੇ ਨਹੀਂ ਆ ਸਕੀ। ਜਿੰਨਾਂ ਪੰਜਾਬੀ ਨਾਟਕਕਾਰਾਂ ਨੇ ਪੰਜਾਬੀ ਨਾਟਕ ਸਬੰਧੀ ਸਮੀਖਿਆ ਲਈ ਸਿਧਾਂਤਕ ਸਮੱਗਰੀ ਮੁਹੱਈਆ ਕਰਵਾਈ, ਉਸ ਅਧਿਐਨ-ਸਮੱਗਰੀ ਵਿਚ ਨਾਟਕ ਦੇ ਪ੍ਰਦਰਸ਼ਤ ਰੂਪ ਨੂੰ ਅਧਿਐਨ ਦਾ ਆਧਾਰ ਹੀ ਨਹੀਂ ਬਣਾਇਆ ਗਿਆ।

ਪੰਜਾਬੀ ਪ੍ਰਕਾਸ਼ਿਤ ਨਾਟਕਾਂ ਦੀ ਸਮੀਖਿਆ ਤੋਂ ਬਿਨਾਂ ਅਕਾਦਮਿਕ ਪੱਧਰ 'ਤੇ ਹੋ ਰਹੀ ਨਾਟ-ਖੋਜ ਨੂੰ ਵੀ ਅਣਗੌਲ਼ਿਆ ਕੀਤਾ ਜਾਂਦਾ ਰਿਹਾ ਹੈ । ਜਿਥੇ ਇਸ ਸਬੰਧੀ ਕਿਤੇ ਇੱਕਾ-ਦੁੱਕਾ ਯਤਨ ਪ੍ਰਾਪਤ ਵੀ ਹੁੰਦੇ ਹਨ ਤਾਂ ਉਹਨਾਂ ਵਿੱਚ ਖੋਜਾਰਥੀ ਤੇ ਖੋਜ-ਪ੍ਰਬੰਧ ਬਾਰੇ ਮਹਿਜ਼ ਤੱਥਗਤ ਜਾਣਕਾਰੀ ਹੀ ਦਿੱਤੀ ਹੁੰਦੀ ਹੈ । ਅਕਾਦਮਿਕ ਪੱਧਰ 'ਤੇ ਪ੍ਰਾਪਤ ਖੋਜ-ਪ੍ਰਬੰਧ/ਖੋਜ-ਨਿਬੰਧਾਂ ਨੂੰ ਸੂਚੀਬੱਧ ਕਰਨ ਹਿਤ ਵੀ ਕਈ ਚਿੰਤਕਾਂ ਦੇ ਯਤਨ ਵੇਖਣ ਨੂੰ ਮਿਲਦੇ ਹਨ ਪਰ ਇਹ ਯਤਨ ਨਿਰੋਲ ਅੰਕੜੇ ਇਕੱਠੇ ਕਰਨ ਤੱਕ ਹੀ ਸੀਮਤ ਰਹਿੰਦੇ ਹਨ ਜਾਂ ਫਿਰ ਖੋਜ-ਵਿਸ਼ਿਆਂ ਸਬੰਧੀ ਸਤਹ ਪੱਧਰੀ ਜਾਣਕਾਰੀ ਹੀ ਮੁਹੱਈਆ ਕਰਦੇ ਹਨ।

ਨਾਟ-ਚਿੰਤਕਾਂ ਡਾ. ਹਰਿਭਜਨ ਸਿੰਘ ਭਾਟੀਆ ਤੇ ਸਤੀਸ਼ ਕੁਮਾਰ ਵਰਮਾ ਨਾਲ ਪੰਜਾਬੀ ਨਾਟ-ਸਮੀਖਿਆ ਨਵੇਂ ਦੌਰ ਵਿੱਚ ਦਾਖ਼ਿਲ ਹੁੰਦੀ ਹੈ । ਬੇਸ਼ਕ ਇਸ ਸਮੀਖਿਆ ਨੇ ਪੰਜਾਬੀ ਨਾਟ-ਚਿੰਤਨ ਵਿਚ ਤੱਥਗਤ ਵੇਰਵੇ ਤੋਂ ਲੈ ਕੇ ਨਾਟ-ਸਿਧਾਂਤ , ਪੰਜਾਬੀ ਨਾਟਕ ਦੇ ਉਦਭਵ ਤੇ ਵਿਕਾਸ ਸਬੰਧੀ ਗੰਭੀਰ ਵਿਸ਼ਲੇਸ਼ਣ ਤੇ ਇਤਿਹਾਸਕਾਰੀ ਦੇ ਯਤਨ ਜੁਟਾਏ ਹਨ ਪਰ ਇਹਨਾਂ ਦੀ ਨਾਟ-ਇਤਿਹਾਸਕਾਰੀ ਵਿਚ ਵੀ ਅਕਾਦਮਿਕ ਪੱਧਰ 'ਤੇ ਪ੍ਰਾਪਤ ਖੋਜ-ਪ੍ਰਬੰਧਾਂ/ਖੋਜ-ਨਿਬੰਧਾਂ ਸਬੰਧੀ ਕੋਈ ਵਿਸ਼ੇਸ਼ ਰੁਝਾਨ ਨਹੀਂ ਝਲਕਦਾ।

ਪੰਜਾਬੀ ਨਾਟਕ ਸਬੰਧੀ ਉੱਚ ਵਿਦਿਅਕ ਪੱਧਰ 'ਤੇ ਨਾਟਕ ਕਲਾ ਪ੍ਰਤੀ ਹੋਏ ਯਤਨਾਂ ਨੇ ਨਾਟਕ/ਰੰਗਮੰਚ ਦੀ ਸਿਖਲਾਈ ਦੇ ਨਵੇਂ ਮੌਕੇ ਪੈਦਾ ਕੀਤੇ ਅਤੇ ਨਾਟਕ/ਰੰਗਮੰਚ ਨੂੰ ਇਕ ਵਿਸ਼ੇ ਦੇ ਤੌਰ 'ਤੇ ਪੜਨ, ਸਮਝਣ ਦਾ ਵਿਦਿਅਕ ਮਾਹੌਲ ਵੀ ਪੈਦਾ ਕੀਤਾ। ਸਾਲ 1966 ਵਿਚ ਪੰਜਾਬੀ ਯੂਨੀਵਰਸਿਟੀ , ਪਟਿਆਲਾ ਵਿਚ ਡਰਾਮਾ ਵਿਭਾਗ ਦੀ ਸਥਾਪਨਾ ਹੁੰਦੀ ਹੈ, ਜਿਸ ਵਿਚ ਨਾਟਕ/ਰੰਗਮੰਚ ਦੀ ਸਿਖਲਾਈ ਪ੍ਰਾਪਤ

ਕਰਨ ਲਈ ਡਿਪਲੋਮੇ ਤੇ ਐਮ. ਏ. ਦੇ ਕੋਰਸ ਸ਼ੁਰੂ ਕੀਤੇ ਜਾਂਦੇ ਹਨ। ਪੰਜਾਬੀ ਨਾਟਕ ਖੇਤਰ ਨਾਲ ਜੁੜੀਆਂ ਕਈ ਨਾਮਵਰ ਹਸਤੀਆਂ ਨੂੰ ਇਥੇ ਮੁਖੀ ਵਜੋਂ ਨਿਯੁਕਤ ਕੀਤਾ ਜਾਂਦਾ ਹੈ । ਸਾਲ 1974 ਵਿਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਚ ਇੰਡੀਅਨ ਥੀਏਟਰ ਵਿਭਾਗ ਦੀ ਸਥਾਪਨਾ ਕਰਦਿਆਂ ਪ੍ਰਸਿੱਧ ਨਾਟਕਕਾਰ ਤੇ ਨਿਰਦੇਸ਼ਕ ਬਲਵੰਤ ਗਾਰਗੀ ਨੂੰ ਨਿਯੁਕਤ ਕੀਤਾ ਜਾਂਦਾ ਹੈ। ਇਸ ਉਪਰੰਤ ਪੰਜਾਬ ਵਿਚ ਸੰਸਥਾਗਤ ਪੱਧਰ 'ਤੇ ਵਰਕਸ਼ਾਪਾਂ, ਸੈਮੀਨਾਰ, ਗੋਸ਼ਟੀਆਂ ਆਦਿ ਪੰਜਾਬੀ ਨਾਟਕ/ਰੰਗਮੰਚ ਚਿੰਤਨ ਦੇ ਆਧਾਰ ਬਣਦੇ ਹਨ।"ਭਾਸ਼ਾ ਵਿਭਾਗ , ਵਿਭਿੰਨ ਅਕਾਡਮੀਆਂ ਅਤੇ ਸਭਾਵਾਂ ਨੇ ਵੀ ਪੰਜਾਬੀ ਨਾਟਕ/ਥੀਏਟਰ ਬਾਰੇ ਕੁਝ ਖੋਜ-ਪੱਤਰ ਲਿਖਵਾਉਣ ਦਾ ਉੱਦਮ ਕੀਤਾ ਹੈ।"[4]

ਪੰਜਾਬੀ ਨਾਟਕ/ਰੰਗਮੰਚ ਸਬੰਧੀ ਅਕਾਦਮਿਕ ਪੱਧਰ 'ਤੇ ਯੂਨੀਵਰਸਿਟੀਆਂ ਦਾ ਯੋਗਦਾਨ ਅਹਿਮ ਹੈ। ਇਹਨਾਂ ਵਿਚ ਉੱਚ ਵਿਦਿਅਕ ਡਿਗਰੀਆਂ ਤਹਿਤ ਵਿਭਿੰਨ ਨਾਟ-ਵਿਸ਼ਿਆਂ ਉੱਤੇ ਆਧਾਰਿਤ ਖੋਜ ਦੀ ਸ਼ੁਰੂਆਤ ਹੋਈ। ਇਹ ਮੁੱਢਲੇ ਖੋਜ-ਪ੍ਰਬੰਧ/ਖੋਜ-ਨਿਬੰਧ ਨਾਟਕ/ਰੰਗਮੰਚ ਦੀ ਸਿਧਾਂਤਕ ਸਮੱਗਰੀ ਸਾਹਮਣੇ ਲੈ ਕੇ ਸਾਹਮਣੇ ਆਉਂਦੇ ਹਨ ਅਤੇ ਪੰਜਾਬੀ ਨਾਟਕ ਦੇ ਨਿਕਾਸ ਤੇ ਵਿਕਾਸ ਸਬੰਧੀ ਵਿਸਥਾਰ ਸਹਿਤ ਨਵੇਂ ਤੱਥ , ਨਵੀਆਂ ਰਾਵਾਂ ਤੇ ਸ਼ੰਕਿਆਂ ਨੂੰ ਉਭਾਰਦੇ ਹਨ। ਇਹਨਾਂ ਯੂਨੀਵਰਸਿਟੀਆਂ ਵਿਚ ਦਿੱਲੀ ਯੂਨੀਵਰਸਿਟੀ, ਦਿੱਲੀ ਤੇ ਪੰਜਾਬ ਯੂਨੀਵਰਸਿਟੀ , ਚੰਡੀਗੜ੍ਹ ਇਸ ਦਿਸ਼ਾ ਵਿੱਚ ਪਹਿਲਾਂ ਕਾਰਜਸ਼ੀਲ ਹੁੰਦੀਆਂ ਹਨ । ਇਸ ਉਪਰੰਤ ਸਾਲ 1962 ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਸਾਲ 1969 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ , ਅੰਮ੍ਰਿਤਸਰ ਹੋਂਦ ਵਿਚ ਆਉਂਦੀਆਂ ਹਨ । ਪੰਜਾਬ ਤੋਂ ਬਾਹਰਲੀਆਂ ਯੂਨੀਵਰਸਿਟੀਆਂ ਵਿਚ ਸਾਲ 1957 ਵਿਚ ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ ਅਤੇ ਸਾਲ 1969 ਵਿਚ ਜੰਮੂ ਯੂਨੀਵਰਸਿਟੀ , ਜੰਮੂ ਹੋਂਦ ਗ੍ਰਹਿਣ ਕਰਦੀਆਂ ਹਨ। ਇਹਨਾਂ ਵਿਦਿਅਕ ਸੰਸਥਾਵਾਂ ਵਿਚ ਸ਼ੋਧ-ਪ੍ਰਬੰਧਾਂ ਨੂੰ ਸੂਚੀਬੱਧ ਕਰਨ ਲਈ ਕੁਝ ਵਿਦਵਾਨਾਂ ਦੇ ਯਤਨ ਜ਼ਰੂਰ ਮਿਲਦੇ ਹਨ ਪਰ ਇਹ ਕਿਸੇ ਗੰਭੀਰ ਚਿੰਤਨ/ਵਿਸ਼ਲੇਸ਼ਣ ਤੋਂ ਮਹਿਜ਼ ਤੱਥਗਤ ਜਾਣਕਾਰੀ ਹੀ ਮੁਹੱਈਆ ਕਰਦੇ ਹਨ । ਇਹਨਾਂ ਸਮੁੱਚੀਆਂ ਯੂਨੀਵਰਸਿਟੀਆਂ ਵਿਚ ਪ੍ਰਾਪਤ ਖੋਜ-ਪ੍ਰਬੰਧਾਂ/ਖੋਜ-ਨਿਬੰਧਾਂ ਪ੍ਰਤੀ ਸੁਚੇਤ ਨਿੱਗਰ ਯਤਨ ਅਜੇ ਲੋੜੀਂਦੇ ਹਨ।

ਪੰਜਾਬੀ ਨਾਟਕ/ਰੰਗਮੰਚ ਸਬੰਧੀ ਉਪਾਧੀ-ਸਾਪੇਖ ਖੋਜ ਕਾਰਜ ਕਰਵਾਉਣ ਵਿੱਚ ਇਹ ਯੂਨੀਵਰਸਿਟੀਆਂ ਨਿਰੰਤਰ ਕਾਰਜਸ਼ੀਲ ਹਨ:

- ✓ ਦਿੱਲੀ ਯੂਨੀਵਰਸਿਟੀ, ਦਿੱਲੀ
- ✓ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ
- ✓ ਪੰਜਾਬੀ ਯੂਨੀਵਰਸਿਟੀ, ਪਟਿਆਲਾ
- ✓ ਗੁਰੂ ਨਾਨਕ ਦੇਵ ਯੂਨੀਵਰਸਿਟੀ , ਅੰਮ੍ਰਿਤਸਰ
- ✓ ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ

✓ ਜੰਮੂ ਯੂਨੀਵਰਸਿਟੀ, ਜੰਮੂ

ਉਪਰੋਕਤ ਯੂਨੀਵਰਸਿਟੀਆਂ ਅੰਤਰਗਤ ਪੀ-ਐਚ.ਡੀ. ਪੱਧਰ ਦੇ ਖੋਜ-ਪ੍ਰਬੰਧਾਂ ਤੋਂ ਇਲਾਵਾ ਖੋਜ-ਨਿਬੰਧ ਤੇ ਖੋਜ-ਪੱਤਰਾਂ ਦੇ ਰੂਪ ਵਿਚ ਕਾਫ਼ੀ ਖੋਜ ਕਾਰਜ ਕਰਵਾਏ ਗਏ ਤੇ ਨਿਰੰਤਰ ਕਰਵਾਏ ਜਾ ਰਹੇ ਹਨ।

ਪੰਜਾਬੀਨਾਟਕ ਇਕ ਸਦੀ ਤੋਂ ਵੱਧ ਉਮਰ ਹੰਢਾ ਚੁੱਕਾਹੈ,ਜਿੱਥੇ ਪੰਜਾਬੀ ਜਨ-ਜੀਵਨ ਦੇ ਬਹੁ-ਪੱਖੀ ਪਸਾਰਾਂ ਨੂੰ ਪੰਜਾਬੀ ਨਾਟਕਕਾਰੀ ਨੇ ਕਲਾਤਮਕਰੂਪ ਵਿਚ ਉਭਾਰਿਆ, ਉੱਥੇ ਮਾਨਵੀ ਸੰਵੇਦਨਾਂ ਦੇ ਨਵੀਨ ਸਰੋਕਾਰਾਂ, ਮੁੱਲਾਂ ਦੀ ਸਿਰਜਨਾ ਤਹਿਤ ਵਿਭਿੰਨ ਵਿਸ਼ਿਆਂ ਨੂੰ ਆਪਣੀ ਰਚਨਾਤਮਕ ਸਮੱਗਰੀ ਵਜੋਂ ਗ੍ਰਹਿਣ ਕੀਤਾ ਹੈ ।ਵਿਸ਼ਵਪੱਧਰ ਉੱਤੇ ਵਾਪਰਨਵਾਲੇ ਵਰਤਾਰੇ ਅਤੇ ਨਵੀਨ ਮੰਚੀ -ਪ੍ਰਯੋਗਾਂ ਨੂੰ ਆਤਮ ਸਾਤਕਰਦਾ,ਪੰਜਾਬੀ ਨਾਟਕ ਬੇਸ਼ੱਕ ਵੱਡੀ ਪੱਧਰ ਉੱਪਰ ਸਾਹਿਤ-ਚਿੰਤਕਾਂ ਦੀ ਆਲੋਚਨਾ ਦਾ ਆਧਾਰ ਨਹੀਂ ਬਣ ਸਕਿਆ ਪਰ ਪੰਜਾਬੀ ਨਾਟਕਕਾਰੀ ਦੇ ਇ ਸਬੇਰੋਕਪ੍ਰਵਾਹ ਨੇ ਕਦੇ ਥੰਮਣਾ ਨਹੀਂਸਿਖਿਆ।

ਪੰਜਾਬੀ ਨਾਟਕ ਨੇ ਵਿਸ਼ਵਪੱਧਰ ’ਤੇ ਪ੍ਰਚਲਿਤ ਹਰ ਨਾਟ -ਪ੍ਰਵਿਰਤੀ ਅਧੀਨ ਨਵੀਨ ਨਾਟ -ਤਕਨੀਕਾਂਨਾਲਆਪਣੇਆਪਨੂੰਜੋੜਿਆਵੀਅਤੇਆਪਣੇਵਿਰਾਸਤੀਅੰਸ਼ਾਂਦੇਰੂਪਵਿਚਸੰਸਕ੍ਰਿਤਨਾਟ-ਪਰੰਪਰਾਅਤੇਲੋਕਨਾਟਕਪਰੰਪਰਾਨੂੰਵੀਛੱਡਿਆਨਹੀਂ।ਵਿਭਿੰਨਨਾਟ-ਪ੍ਰਵਿਰਤੀਆਂਤਹਿਤਪੰਜਾਬੀਨਾਟਕਕਾਰਾਂਨੇਪੰਜਾਬੀਨਾਟਕਦੀਸਿਰਜਨਾਕਰਦਿਆਂਜਿੱਥੇਨਾਟਕਦੇਪੱਛਮੀਸਿਧਾਂਤਕ ਚੌਖਟੇਨੂੰਆਪਣੇਨਾਟ-ਮਾਡਲਵਜੋਂਸਵੀਕਾਰਕੀਤਾਉੱਥੇਸਥਾਨਕਲੋਕਧਾਰਾਈਸਮੱਗਰੀਨੂੰਨਾਟ-ਵਸਤੂਦੇਤੌਰ’ਤੇਇਸਤੇਮਾਲਕੀਤਾ।ਇਸਤਰ੍ਹਾਂਪੰਜਾਬੀਨਾਟਕਕਾਰੀਨੇਭਾਰਤੀਅਤੇਪੱਛਮੀਦੋਵਾਂਪਰੰਪਰਾਵਾਂਨੂੰਸਮਾਨਰੂਪਵਿਚਗ੍ਰਹਿਣਕੀਤਾ ਹੈ।

ਨਾਟਕ ਦੋਹਰੇ ਸਰੂਪ ਵਾਲੀ ਕਲਾ ਹੈ। ਇਸਦਾ ਇੱਕ ਪੱਖ ਜਿੱਥੇ ਇਸਨੂੰ ਸਾਹਿਤ ਦਾ ਹਿੱਸਾ ਬਣਾਉਂਦਾ ਹੈ, ਉ ਥੇ ਦੂਜਾ ਪੱਖ ਇਸਨੂੰ ਪ੍ਰਦਰਸ਼ਨ ਰੂਪ ਰਾਹੀਂ ਰੰਗਮੰਚ ਨਾਲ ਜੋੜਦਾ ਹੈ । ਨਾਟਕ ਦੇ ਸਾਹਿਤਕ ਰੂਪ ਵਿਚ ਪਲਾਟ, ਕਥਾ-ਵਸਤੂ, ਪਾਤਰ-ਚਿਤਰਨ, ਸੰਵਾਦ, ਭਾਸ਼ਾ ਤੇ ਸ਼ੈਲੀ ਨੂੰ ਨਾਟਕੀ-ਤੱਤਾਂ ਵਜੋਂ ਮਾਨਤਾ ਮਿਲੀ ਹੈ ਅਤੇ ਪ੍ਰਦਰਸ਼ਨ ਰੂਪ ਵਿਚ ਨਾਟਕੀ -ਪਾਠ ਤੋਂ ਇਲਾਵਾ ਕਈ ਹੋਰ ਕਲਾਵਾਂ ਤੇ ਰੰਗ ਜਿਵੇਂ ਨਿਰਦੇਸ਼ਨ , ਅਭਿਨੈ, ਮੰਚ-ਵਿਉਂਤ, ਮੇਕਅੱਪ, ਪਹਿਰਾਵਾ, ਰੌਸ਼ਨੀ ਤੇ ਸੰਗੀਤ ਤੱਤ ਆਦਿ ਅਹਿਮ ਭੂਮਿਕਾ ਨਿਭਾਉਂਦੇ ਹਨ। ਇਹ ਤੱਤ ਨਾਟਕ ਨੂੰ ਪੜ੍ਹਨ ਤੋਂ ਵੇਖਣ ਅਤੇ ਸੁਣਨ ਵਾਲੀ ਕਲਾ ਵਿਚ ਰੂਪਾਂਤਰਿਤ ਕਰ ਦਿੰਦੇ ਹਨ।

ਖੋਜਾਰਥੀਆਂ ਵਿਚ ਰੰਗਮੰਚੀ ਸਿਧਾਂਤ ਦੀ ਚੇਤਨਾ ਪ੍ਰਤੀ ਗੰਭੀਰਤਾ ਦਾ ਅੰਦਾਜ਼ਾ ਇਥੋਂ ਹੋ ਜਾਂਦਾ ਹੈ ਜਦੋਂ ਖੋਜਾਰਥੀ ਮੰਚ ਅਤੇ ਰੰਗਮੰਚ ਵਿਚ ਭੇਦ ਨਾ ਸਮਝਦਾ, ਦੋਵਾਂ ਨੂੰ ਹੀ ਇਕ-ਦੂਜੇ ਵਿਚ ਰਲ-ਗਡ ਕਰ ਜਾਂਦਾ ਹੈ। ਮੰਚ ਦਾ ਸਬੰਧ ਇਕ ਵਿਸ਼ੇਸ਼ ਕਿਸਮ ਦੇ ਉੱਚੇ

ਥੜ੍ਹੇ ਜਾਂ ਸਥਾਨ ਨਾਲ ਹੈ ਜਿੱਥੇ ਮੰਚੀ -ਕਾਰਜ ਨੇ ਵਾਪਰਨਾ ਹੁੰਦਾ ਹੈ ਜਦੋਂਕਿ ਮੰਚ ਨਾਲ ਜਦੋਂ ਕਈ ਹੋਰਨਾਂ ਕਲਾਵਾਂ ਦਾ ਸੁਮੇਲ ਹੋ ਜਾਵੇ ਤਾਂ ਸੰਯੋਗੀ ਰੂਪ ਨੂੰ ਰੰਗਮੰਚ ਵਿਚ ਗਿਣਿਆ ਜਾਂਦਾ ਹੈ। ਪੀ-ਐਚ.ਡੀ. ਪੱਧਰ ਦੇ ਖੋਜਾਰਥੀਆਂ ਵਿਚ ਮੰਚ ਅਤੇ ਰੰਗਮੰਚ ਨੂੰ ਲੈ ਕੇ ਬੜੀ ਅਸ਼ਪੱਸ਼ਟਤਾ ਪਾਈ ਜਾਂਦੀ ਹੈ।

ਪ੍ਰਾਪਤ ਖੋਜ-ਪ੍ਰਬੰਧਾਂ ਵਿਚ ਖੋਜਾਰਥੀ ਦਾ ਰੰਗਮੰਚ ਦਾ ਸਿਧਾਂਤਕ ਸੰਕਲਪ ਜ਼ਿਆਦਾਤਰ ਨਾਟ-ਕਿਰਤਾਂ ਦੇ ਪ੍ਰਦਰਸ਼ਨ-ਪਾਠ ’ਤੇ ਆਧਾਰਿਤ ਨਾ ਹੋ ਕੇ ਮਹਿਜ਼ ਸਾਹਿਤ -ਪਾਠ ਵਿਚਲੀਆਂ ਰੰਗਮੰਚੀ ਸੰਭਾਵਨਵਾਂ ਤੇ ਮੰਚੀ ਨਿਰਦੇਸ਼ਾਂ ਨੂੰ ਹੀ ਆਧਾਰ ਬਣਾਉਂਦਾ ਹੈ। ਰੰਗਮੰਚੀ ਅਧਿਐਨ ਦੀ ਆਪਣੀ ਸੀਮਾਂ ਹੈ ਕਿਉਂਕਿ ਰੰਗਮੰਚੀ ਅਧਿਐਨ ਲਈ ਜਾਂ ਤਾਂ ਨਾਟਕ ਨੂੰ ਸਾਹਿਤਕ ਨਾਟਕ ਦੇ ਸਿਧਾਂਤਕ ਪਹਿਲੂਆਂ ਦੇ ਅੰਤਰਗਤ ਵਿਚਾਰਿਆ ਜਾਂਦਾ ਹੈ ਜਾਂ ਫਿਰ ਕੁਝ ਖੋਜਾਰਥੀ ਰੰਗਮੰਚ ਅਧਿਐਨ ਵਿਧੀ ਉਸਾਰ ਲੈਂਦੇ ਹਨ ਪਰ ਇਹ ਅਧਿਐਨ ਵਿਧੀ ਨਿਰੋਲ ਨਾਟਕੀ-ਟੈਕਸਟ ਨੂੰ ਹੀ ਆਧਾਰ ਬਣਾਉਂਦੀ ਹੈ । ਅਜਿਹੀ ਸਥਿਤੀ ਵਿਚ ਨਾ ਤਾਂ ਸਾਹਿਤ ਸ਼ਾਸਤਰੀ ਨੇਮਾਂ ਦੇ ਅੰਤਰਗਤ ਢੁੱਕਵਾਂ ਅਧਿਐਨ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਨਾਟ-ਸੰਕਲਪਾਂ ਤਹਿਤ ਰੰਗਮੰਚੀ ਤੱਤਾਂ ਦੇ ਵੱਖਰੇ ਸਰੂਪ ਤੇ ਕਾਰਜ ਨੂੰ ਉਲੀਕਿਆ ਜਾ ਸਕਦਾ ਹੈ। ਅਜਿਹੀ ਸਥਿਤੀ ਵਿਚ ਨਾਟਕ ਦੇ ਦੋਹਰੇ ਸਰੂਪ ਨੂੰ ਧਿਆਨ ਵਿਚ ਰੱਖਦਿਆਂ ਨਾਟਕੀ-ਪਾਠ ਅਤੇ ਰੰਗਮੰਚ ਦੇ ਆਪਸੀ ਸੁਮੇਲ ਦਾ ਅਧਿਐਨ ਕਰਨ ਹਿਤ ਨਾਟ-ਸ਼ਾਸਤਰ ਉਸਾਰਨ ਦੇ ਯਤਨ ਆਰੰਭਣੇ ਚਾਹੀਦੇ ਹਨ । ਅਜਿਹਾ ਨਾਟ-ਸ਼ਾਸਤਰ ਜਿਹੜਾ ਨਾਟਕੀ-ਪਾਠ ਤੇ ਰੰਗਮੰਚੀ-ਪਾਠ ਨੂੰ ਇਕੱਠਿਆਂ ਅਧਿਐਨ ਕਰ ਸਕੇ ਅਤੇ ਰੰਗਮੰਚੀ ਪੱਖ ਵਿਚ ਸ਼ਾਮਿਲ ਕਈ ਹੋਰਨਾਂ ਕਲਾਵਾਂ ਦੀ ਪ੍ਰਕ੍ਰਿਤੀ ਨੂੰ ਸਮਝਣ ਅਤੇ ਨਾਟਕੀ -ਪ੍ਰਦਰਸ਼ਨ ਵਿਚਲੀ ਅਹਿਮ ਭੂਮਿਕਾ ਨੂੰ ਸਾਹਮਣੇ ਲਿਆ ਸਕੇ।

ਸੋ, ਨਾਟਕ ਦੇ ਸਿਧਾਂਤਕ ਸੰਕਲਪ ਨੂੰ ਜ਼ਿਆਦਾਤਰ ਖੋਜਾਰਥੀਆਂ ਨੇ ਅਰਸਤੂ ਦੇ ਨਾਟ-ਮਾਡਲ ਦੀ ਰੌਸ਼ਨੀ ਵਿਚ ਉਸਾਰਨ ਦਾ ਯਤਨ ਕੀਤਾ ਹੈ। ਕੁਝ ਖੋਜਾਰਥੀ ਭਰਤਮੁਨੀਦੇ ਨਾਟਯ-ਸ਼ਾਸਤਰਵਿਚਲੇ ਰੰਗਮੰਚੀ ਸਿਧਾਂਤ ਨੂੰ ਵੀ ਆਧਾਰ ਬਣਾਉਂਦੇ ਹਨ ਅਤੇ ਆਪਣੀ ਮੌਲਿਕ ਰਾਏ ਸਥਾਪਿਤ ਕਰਨ ਵਿੱਚ ਅਸਮੱਰਥ ਰਹਿੰਦੇ ਹਨ ਅਤੇ ਮਹਿਜ਼ ਭਰਤਮੁਨੀਦੀਆਂ ਟਿੱਪਣੀਆਂ ਹੀ ਕੋਟ ਕਰਦੇ ਹਨ। ਕਈ ਖੋਜਾਰਥੀ ਨਾਟਕ ਦੀਆਂ ਸਿਰਫ-ਸਿਰਫ ਪਰਿਭਾਸ਼ਾਵਾਂ ਦੇ ਕੇ ਆਪਣੀ ਅਧਿਐਨ ਵਿਧੀ ਦੇ ਵੱਲ ਉਲਾਰ ਹੋ ਜਾਂਦੇ ਹਨ ਅਤੇ ਮੁੜ ਆਪਣੇ ਨਾਟ-ਅਧਿਐਨ ਵਿਚ ਨਾਟਕ-ਸਿਧਾਂਤ ਤੋਂ ਕੋਈ ਅੰਤਰ-ਦ੍ਰਿਸ਼ਟੀ ਗ੍ਰਹਿਣ ਨਹੀਂ ਕਰਦੇ । ਇਸ ਦੇ ਨਾਲ ਹੀ ਕਈ ਖੋਜਾਰਥੀ ਮਹਿਜ਼ ਨਾਟਕ ਤੇ ਰੰਗਮੰਚ ਦੇ ਆਪਸੀ ਸਬੰਧਾਂ ਨੂੰ ਦਰਸਾ ਕੇ ਪੰਜਾਬੀ ਨਾਟਕ ਪਰੰਪਰਾ ਦੇ ਇਤਿਹਾਸਕ ਕ੍ਰਮ ਨੂੰ ਉਲੀਕਣ ਵਿਚ ਮਸ਼ਰੂਫ ਹੋ ਜਾਂਦੇ ਹਨ । ਬਹੁਤ ਸਾਰੇ ਖੋਜਾਰਥੀ ਆਪਣੇ ਤੋਂ ਪੂਰਵਲੇ ਖੋਜਾਰਥੀਆਂ ਦੀਆਂ ਨਾਟ-ਸਿਧਾਂਤ ਸਬੰਧੀ ਧਾਰਨਾਵਾਂ ਨੂੰ ਵਿਸਥਾਰ ਦਿੰਦੇ ਨਜ਼ਰੀ ਪੈਂਦੇ ਹਨ ਅਤੇ ਕੁਝ ਖੋਜਾਰਥੀ ਨਾਟਕ ਦੇ ਸਿਧਾਂਤਕ ਪੱਖ ਨੂੰ ਖੋਜ

ਕਾਰਜ ਵਿਚ ਕੋਈ ਜਗਾ ਦੇਣੀ ਹੀ ਭੁੱਲ ਗਏ ਜਾਪਦੇ ਹਨ। ਜ਼ਿਆਦਾਤਰ ਪੰਜਾਬੀ ਨਾਟ-ਖੋਜੀਆਂ ਦੇ ਨਾਟ-ਸੰਕਲਪ ਦੇ ਪਿਛੋਕੜ ਵਿਚ ਅਰਸਤੂ ਦਾ ਨਾਟ-ਮਾਡਲ ਹੀ ਕਾਰਜਸ਼ੀਲ ਰਹਿੰਦਾ ਹੈ। ਇਸ ਸਬੰਧੀ ਨਾਟਕਕਾਰ ਪਾਲੀ ਭੁਪਿੰਦਰ ਸਿੰਘ ਦੇ ਵਿਚਾਰ ਸਥਿਤੀ ਨੂੰ ਵਧੇਰੇ ਸਪਸ਼ਟ ਕਰਦੇ ਹਨ:

> ਪੰਜਾਬੀ ਨਾਟ-ਚਿੰਤਨ ਦਾ ਤੀਜਾ ਪਸਾਰ ਅਕਾਦਮਿਕ ਕਿਸਮ ਦੇ ਨਾਟ-ਚਿੰਤਨ ਦਾ ਹੈ । ਇਸ ਪਸਾਰ ਵਿੱਚ ਵੀ ਪੱਛਮੀ ਨਾਟ -ਸਿਧਾਂਤਾਂ ਨੂੰ ਹੀ ਪ੍ਰਮੁੱਖਤਾ ਮਿਲੀ ਹੈ ਅਤੇ ਇਸ ਚਿੰਤਨ ਦਾ ਬਹੁਤਾ ਧਿਆਨ ਰਚਨਾ ਵਿਚੋਂ ਸੰਘਰਸ਼ ਜਾਂ ਟੱਕਰ ਵਰਗੇ ਤੱਤ ਲੱਭਣ ਤੱਕ ਮਹਿਦੂਦ ਰਹਿੰਦਾ ਹੈ। ਅਰਸਤੂ ਦੇ ਸੁਝਾਏ ਛੇ ਤੱਤਾਂ ਨੂੰ ਪਿਛੋਕੜ ਵਿਚ ਰੱਖ ਕੇ ਨਾਟ -ਪਾਠ ਨੂੰ ਛੋਟੇ-ਛੋਟੇ ਹਿੱਸਿਆਂ ਵਿਚ ਵੰਡ ਕੇ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ , ਜਿਸ ਵਿਚ ਨਾਟਕ ਦੀ ਰੰਗਮੰਚਤਾ ਵੀ ਇਕ ਹਿੱਸਾ ਹੁੰਦੀ ਹੈ। ਚਿੰਤਾ ਵਾਲੀ ਗੱਲ ਇਹ ਹੈ ਕਿ ਉਚੇਰੇ ਸਿੱਖਿਆ ਪੱਧਰ 'ਤੇ ਹੋ ਰਿਹਾ ਖੋਜ ਕਾਰਜ ਵੀ ਇਸ ਰੁਚੀ ਤੋਂ ਮੁਕਤ ਨਹੀਂ। ਜਿੱਥੇ ਕਿਤੇ ਇਸ ਰੁਚੀ ਤੋਂ ਮੁਕਤੀ ਮਿਲੀ ਵੀ ਹੈ , ਪਾਠ ਨੂੰ ਸਰੰਚਨਾਤਮਕ ਜਾਂ ਭਾਸ਼ਾਈ ਰੂਪ ਤੋਂ ਵੇਖਣ ਦੀ ਰੁਚੀ ਜ਼ੋਰ ਫੜ੍ਹ ਗਈ ਹੈ । ਕੁੱਲ ਮਿਲਾ ਕੇ ਪੰਜਾਬੀ ਨਾਟ-ਚਿੰਤਨ ਨਾਟ-ਪਾਠ ਨੂੰ ਸਾਹਿਤ ਦੇ ਹੋਰਨਾਂ ਪਾਠਾਂ ਵਾਂਗ ਹੀ ਵਿਚਾਰਦਾ ਨਜ਼ਰੀ ਪੈਂਦਾ ਹੈ।[5]

ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਅੱਜ ਵੀ ਨਾਟ-ਸਮੀਖਿਆ ਦਾ ਮੁੱਖ ਆਧਾਰ ਰੰਗਮੰਚੀ ਪਾਠ ਦੀ ਬਜਾਏ ਨਾਟਕ ਦਾ ਸਾਹਿਤਕ ਪੱਖ ਹੈ। ਇਸ ਪ੍ਰਕਾਰ ਪ੍ਰਾਪਤ ਖੋਜ-ਪ੍ਰਬੰਧਾਂ ਵਿਚ ਨਾਟ-ਸੰਕਲਪ ਦੀ ਉਸਾਰੀ ਪ੍ਰਤੀ ਗੰਭੀਰਤਾ ਨਜ਼ਰ ਨਹੀਂ ਆਉਂਦੀ । ਨਾਟ-ਸੰਕਲਪ ਪ੍ਰਤੀ ਮੌਲਿਕ ਧਾਰਨਾਵਾਂ ਉਸਾਰਨ ਦੀ ਬਜਾਏ ਜ਼ਿਆਦਾਤਰ ਖੋਜਾਰਥੀ ਨਾਟ-ਚਿੰਤਨ ਦੀਆਂ ਪੂਰਵ ਪ੍ਰਚਲਿਤ ਧਾਰਨਾਵਾਂ/ਰਾਵਾਂ ਨੂੰ ਹੀ ਆਪਣੇ ਅਧਿਐਨ ਦਾ ਆਧਾਰ ਬਣਾਉਂਦੇ ਹਨ। ਖੋਜਾਰਥੀਆਂ ਦੇ ਅਧਿਐਨ ਦਾ ਮੁੱਖ ਕੇਂਦਰ ਸਿਰਫ ਅਧਿਐਨ ਵਿਧੀ ਹੀ ਬਣ ਜਾਂਦੀ ਹੈ ਅਤੇ ਨਾਟ-ਕਿਰਤਾਂ ਦੇ ਨਾਟਕੀ-ਪੱਖ ਨੂੰ ਕੋਈ ਗੰਭੀਰਤਾ ਨਾਲ ਨਹੀਂ ਵਿਚਾਰਿਆ ਗਿਆ । ਭਰਤਮੁਨੀ ਦੇ ਦ੍ਰਿਸ਼ -ਕਾਵਿ ਸੰਕਲਪ ਦੇ ਮੁਕਾਬਲਤਨ ਖੋਜਾਰਥੀ ਦਾ ਅਰਸਤੂ ਦੇ ਨਾਟਕੀ-ਪਾਠ ਆਧਾਰਿਤ ਨਾਟ -ਸੰਕਲਪ ਵੱਲ ਉਲਾਰ ਰਹਿਣਾ ਇਸ ਗੱਲ ਦਾ ਵੀ ਸੂਚਕ ਹੈ ਕਿ ਖੋਜਾਰਥੀਆਂ ਨੇ ਆਪਣੇ ਅਧਿਐਨ ਦਾ ਆਧਾਰ ਕੇਵਲ ਨਾਟਕੀ-ਪਾਠ ਨੂੰ ਹੀ ਬਣਾਇਆ ਹੈ ਅਤੇ ਨਾਟ-ਕਿਰਤਾਂ ਦੇ ਰੰਗਮੰਚੀ ਪੱਖ ਨੂੰ ਗੰਭੀਰਤਾ ਨਾਲ ਨਹੀਂ ਵਿਚਾਰਿਆ ਗਿਆ। ਰੰਗਮੰਚ ਦੇ ਸਿਧਾਂਤਕ ਪਰਿਪੇਖ ਨੂੰ

ਉਸਾਰਨ ਅਤੇ ਨਾਟ-ਕਿਰਤਾਂ ਦੀਆਂ ਰੰਗਮੰਚੀ ਸੰਭਾਵਨਾਵਾਂ/ ਜੁਗਤਾਂ ਦੇ ਅਧਿਐਨ ਤੋਂ ਜ਼ਿਆਦਾਤਰ ਖੋਜਾਰਥੀ ਦੂਰੀ ਹੀ ਬਣਾ ਕੇ ਰੱਖਦੇ ਹਨ।

ਪੰਜਾਬੀ ਨਾਟ-ਚਿੰਤਨ ਵਿਚ ਅਕਾਦਮਿਕ ਪੱਧਰ 'ਤੇ ਹੋਈ ਖੋਜ ਪ੍ਰਤੀ ਗੰਭੀਰਤਾ ਨਹੀਂ ਵਿਖਾਈ ਦਿੰਦੀ। ਅਕਾਦਮਿਕ ਪੱਧਰ ਦੀ ਖੋਜ ਸਬੰਧੀ ਹੁਣ ਤੱਕ ਨਿਰੋਲ ਤੱਥਗਤ ਅੰਕੜੇ ਜੁਟਾਉਣ ਦਾ ਕਾਰਜ ਹੀ ਸਾਹਮਣੇ ਆਇਆ ਹੈ। ਪੰਜਾਬੀ ਨਾਟ-ਖੋਜ ਵਿਚ ਮੁੱਢਲੇ ਖੋਜਾਰਥੀਆਂ ਨੇ ਪਹਿਲਾਂ ਆਪ ਖੋਜ ਕੀਤੀ, ਫਿਰ ਵਿਭਿੰਨ ਯੂਨੀਵਰਸਿਟੀਆਂ ਵਿਚ ਪੰਜਾਬੀ ਨਾਟਕ ਸਬੰਧੀ ਖੋਜ ਕਾਰਜ ਕਰਵਾਏ। ਪੰਜਾਬੀ ਨਾਟ-ਖੋਜ ਵਿਚ ਜ਼ਿਆਦਾਤਰ ਵਿਸ਼ਾਮੂਲਕ ਤੇ ਪ੍ਰਵਿਰਤੀਮੂਲਕ ਖੋਜ ਦੇ ਰੁਝਾਨ ਝਲਕਦੇ ਹਨ।

## ਹਵਾਲੇ ਅਤੇ ਟਿੱਪਣੀਆਂ

1. ਹਰਿਭਜਨ ਸਿੰਘ ਭਾਟੀਆ , ਸੰਵਾਦ: ਪੁਨਰ - ਸੰਵਾਦ, ਪੰਨਾ 204.
2. ਸਤੀਸ਼ ਕੁਮਾਰ ਵਰਮਾ , ਪੰਜਾਬੀ ਨਾਟਕ ਦਾ ਇਤਿਹਾਸ, ਪੰਨਾ 193.
3. ਹਰਿਭਜਨ ਸਿੰਘ ਭਾਟੀਆ , ਸੰਵਾਦ: ਪੁਨਰ - ਸੰਵਾਦ, ਪੰਨਾ 206.
4. ਆਤਮਜੀਤ ਸਿੰਘ, ਪੰਜਾਬੀ ਨਾਟਕ ਵਿਚ ਨਾਇਕ ਦੇ ਬਦਲਦੇ ਰੂਪ , ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, 1982, ਪੰਨਾ 11.
5. ਪਾਲੀ ਭੁਪਿੰਦਰ ਸਿੰਘ , ਪੰਜਾਬੀ ਨਾਟ -ਸ਼ਾਸਤਰ, ਪੰਨਾ 42.